# ਪੰਜਾਬ ਸਰਕਾਰ
# ਮਾਲ ਅਤੇ ਪੁਨਰਵਾਸ ਵਿਭਾਗ
# (ਭੋਂ ਮਾਲੀਆ ਸ਼ਾਖਾ)

ਨੰ: 25/12/2003-ਭਮ.2/2241

ਸੇਵਾ ਵਿਖੇ,

ਪੰਜਾਬ ਰਾਜ ਦੇ ਸਮੂਹ ਮੰਡਲਾਂ ਦੇ ਕਮਿਸ਼ਨਰ /
ਡਿਪਟੀ ਕਮਿਸ਼ਨਰ ਅਤੇ ਉਪ ਮੰਡਲ ਮੈਜਿਸਟਰੇਟ ।
ਚੰਡੀਗੜ੍ਹ, ਮਿਤੀ : 15.3.2004

ਵਿਸ਼ਾ: ਪੰਚਾਇਤ ਦੀ ਮਲਕੀਅਤ ਅਧੀਨ ਜਮੀਨਾਂ ਦੀ ਗਿਰਦਾਵਰੀ ਅੰਕਿਤ / ਦਰੁਸਤ ਕਰਨ ਬਾਰੇ ।

ਸ਼੍ਰੀਮਾਨ ਜੀ,

ਮੈਨੂੰ ਹਦਾਇਤ ਹੋਈ ਹੈ ਕਿ ਆਪ ਦਾ ਧਿਆਨ ਉਪਰੋਕਤ ਵਿਸ਼ੇ ਵੱਲ ਦਿਵਾਵਾਂ ਅਤੇ ਇਹ ਸੂਚਿਤ ਕਰਾਂ ਕਿ ਸਰਕਾਰ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਪੰਚਾਇਤ ਦੀ ਮਲਕੀਅਤ ਅਧੀਨ ਜਮੀਨਾਂ ਦੀ ਗਿਰਦਾਵਰੀ ਕਰਨ ਸਮੇਂ ਕਈ ਵਾਰ ਪੂਰਨ ਵਿੱਧੀ ਨਹੀਂ ਅਪਣਾਈ ਜਾਂਦੀ ਹੈ ਅਤੇ ਗਿਰਦਾਵਰੀ ਉਸ ਪਟੇਦਾਰ ਦੇ ਨਾਮ ਤੇ ਚਲਦੀ ਰਹਿੰਦੀ ਹੈ ਜਿਸ ਤੋ ਪਟਾ ਕਿਸੇ ਹੋਰ ਵਿਅਕਤੀ ਦੇ ਨਾ ਤੇ ਵੀ ਦਿੱਤਾ ਜਾ ਚੁੱਕਾ ਹੁੰਦਾ ਹੈ । ਖਸਰਾ ਗਿਰਦਾਵਰੀ ਸਬੰਧਤ ਵਿਅਕਤੀ ਦਾ ਸਬੰਧਤ ਜਮੀਨ ਉਤੇ ਭੌਤਿਕ ਕਬਜਾ ਜਾਹਿਰ ਕਰਦੀ ਹੈ । ਇਸ ਕਰਕੇ ਇਹ ਯਕੀਨੀ ਬਣਾਇਆ ਜਾਵੇ ਕਿ ਪੰਚਾਇਤ ਦੀ ਮਲਕੀਅਤ ਅਧੀਨ ਜਮੀਨ ਦੀ ਖਸਰਾ ਗਿਰਦਾਵਰੀ ਕਰਨ ਸਮੇਂ ਪੰਚਾਇਤ ਜਾਂ ਉਨ੍ਹਾਂ ਦੇ ਅਧਿਕਾਰਤ ਨੁਮਾਇੰਦੇ ਤੋਂ ਪੁਸ਼ਟੀ ਕਰਵਾ ਲਈ ਜਾਵੇ ਕਿ ਪੰਚਾਇਤ ਵੱਲੋਂ ਕਿਸ ਵਿਅਕਤੀ ਨੂੰ ਉਸ ਗਿਰਦਾਵਰੀ ਦੌਰਾਨ ਕਬਜਾ ਦਿੱਤਾ ਗਿਆ ਹੈ ਅਤੇ ਸਹੀ ਸਥਿਤੀ ਨਿਯਮਾਂ ਅਨੁਸਾਰ ਗਿਰਦਾਵਰੀ ਰਜਿਸਟਰ ਵਿੱਚ ਵਿਖਾਈ ਜਾਵੇ । ਇਸ ਦੀ ਉਲੰਘਣਾ ਕਰਨ ਵਾਲੇ ਕਰਮਚਾਰੀਆਂ ਵਿਰੁੱਧ ਸਖਤ ਅਨੁਸ਼ਾਸ਼ਨੀ ਕਾਰਵਾਈ ਵੀ ਕੀਤੀ ਜਾਵੇ ।

ਵਿਸ਼ਵਾਸ ਪਾਤਰ
ਅਧੀਨ ਸਕੱਤਰ ਮਾਲ (ਪ)

ਪਿੱਠ ਅੰਕਣ ਨੰ: 25/12/03 ਭਮ.2/2242 ਚੰਡੀਗੜ੍ਹ, ਮਿਤੀ: 15.3.2004

ਇਸ ਦਾ ਇੱਕ ਉਤਾਰਾ ਡਾਇਰੈਕਟਰ ਭੌਂ ਰਿਕਾਰਡ, ਪੰਜਾਬ, ਜਲੰਧਰ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆਂ ਜਾਂਦਾ ਹੈ ।

ਅਧੀਨ ਸਕੱਤਰ ਮਾਲ (ਪ)

ਪਿੱਠ ਅੰਕਣ ਨੰ: 25/12/03-ਭਮ.2/2243 ਚੰਡੀਗੜ੍ਹ, ਮਿਤੀ : 15.3.2004

ਇਸ ਦਾ ਇੱਕ ਉਤਾਰਾ ਅਧੀਨ ਸਕੱਤਰ ਮਾਲ (ਅ) ਦੇ ਅੰ:ਵਿ: ਪੱਤਰ ਨੰ: 3/1/02-ਭਮ.3/1016, ਮਿਤੀ : 4.2.04 ਦੇ ਹਵਾਲੇ ਵਿੱਚ ਸੂਚਨਾ ਤੇ ਅਗਲੇਰੀ ਕਾਰਵਾਈ ਹਿੱਤ ਭੇਜਿਆਂ ਜਾਂਦਾ ਹੈ ।

ਅਧੀਨ ਸਕੱਤਰ ਮਾਲ (ਪ)